# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104–106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ. ਸਸਅ/ਮੀਡੀਆ/2010/27895-27914
ਮਿਤੀ ਚੰਡੀਗੜ੍ਹ 03 ਮਾਰਚ ,2010

ਵਿਸ਼ਾ:– **ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਸਬੰਧੀ ਆਂਗਨਵਾੜੀ ਵਰਕਰ ਦੇ ਸਹਿਯੋਗ ਬਾਰੇ।**

**ਹਵਾਲਾ:ਏ.ਐਸ.ਪੀ.ਡੀ/ਮੀਡੀਆ/2009/0046 ਮਿਤੀ ਚੰਡੀਗੜ੍ਹ 29.12.09 ਅਤੇ ਏ.ਐਸ.ਪੀ.ਡੀ/ਮੀਡੀਆ/2010/1072-1091 ਮਿਤੀ ਚੰਡੀਗੜ੍ਹ 12.01.09**

1.0 ਉਪਰੋਕਤ ਪੱਤਰ ਦੇ ਹਵਾਲੇ ਦੇ ਸਬੰਧ ਵਿੱਚ ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਇਸ ਸਾਲ ਬੱਚਿਆਂ ਦਾ ਸਰਕਾਰੀ ਸਕੂਲਾਂ ਵਿੱਚ 100% ਦਾਖਲੇ ਤੇ ਸਕੂਲ ਸਿੱਖਿਆ ਵਿਭਾਗ ਵੱਲੋਂ ਜ਼ੋਰ ਦਿੱਤਾ ਜਾ ਰਿਹਾ ਹੈ। ਸਮੂਹ ਆਂਗਨਵਾੜੀ ਵਰਕਰ ਨੂੰ ਪਸਵਕ ਮੈਂਬਰ ਬਣਾਉਣ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਗਿਆ ਸੀ ਕਿ ਹਰੇਕ ਆਂਗਨਵਾੜੀ ਸੈਂਟਰ ਦੇ ਆਂਗਨਵਾੜੀ ਵਰਕਰ ਨੂੰ ਪਸਵਕ ਦਾ ਮੈਂਬਰ ਜ਼ਰੂਰ ਬਣਾਇਆ ਜਾਵੇ ਅਤੇ ਉਸ ਨੂੰ ਪਸਵਕ ਮੀਟਿੰਗਾਂ ਵਿੱਚ ਲਾਜ਼ਮੀ ਬੁਲਾਇਆ ਜਾਵੇ। ਕਿਉਂਕਿ ਆਂਗਨਵਾੜੀ ਵਰਕਰ ਦਾ ਸਿੱਧਾ ਸਬੰਧ ਸਮੁਦਾਇ ਨਾਲ ਹੈ ਜੋ ਕਿ ਬੱਚਿਆਂ ਦੇ ਦਾਖਲੇ ਸਬੰਧੀ ਵੱਡੀ ਭੂਮਿਕਾ ਨਿਭਾਅ ਸਕਦੀਆਂ ਹਨ।

3.0 ਇਸ ਸਬੰਧ ਵਿੱਚ ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ ਵੱਲੋਂ ਆਪਣੇ ਪੱਤਰ ਨੰ. ਸ-13(ਆਈ.ਸੀ.ਡੀ.ਐਸ) 2010/2516-35 ਮਿਤੀ 3.2.2010 ਰਾਹੀਂ ਆਈ.ਸੀ.ਡੀ.ਐਸ. ਸਕੀਮ ਤਹਿਤ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਕਰਨ ਵਜੋਂ ਆਂਗਨਵਾੜੀ ਵਰਕਰ ਨੂੰ ਸਹਿਯੋਗ ਕਰਨ ਬਾਰੇ ਲਿਖਿਆ ਜਾ ਚੁੱਕਿਆ ਹੈ ਕਿ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਲਈ ਅਧਿਆਪਕਾਂ ਨੂੰ ਪੂਰਾ–ਪੂਰਾ ਸਹਿਯੋਗ ਦਿੱਤਾ ਜਾਵੇ।

4.0 ਇਸ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਵੇ ਕਿ ਉਹ ਆਂਗਨਵਾੜੀ ਵਰਕਰ ਦੀ ਮਦਦ ਨਾਲ ਘਰੋਂ-ਘਰੀਂ ਜਾ ਕੇ ਬੱਚਿਆਂ ਦਾ ਸਰਕਾਰੀ ਸਕੂਲਾਂ ਅੰਦਰ ਦਾਖਲਾ ਕਰਨ। ਇਸ ਸਬੰਧ ਵਿੱਚ ਬੱਚਿਆਂ ਦੇ ਦਾਖਲਾ ਫਾਰਮ ਬੱਚੇ ਦੇ ਘਰ ਤੋਂ ਹੀ ਭਰ ਕੇ ਲਿਆਂਦੇ ਜਾਣ ਅਤੇ ਮਾਪਿਆਂ ਨੂੰ ਇਸ ਸਬੰਧੀ ਪ੍ਰੇਰਿਤ ਕੀਤਾ ਜਾਵੇ ਕਿ ਬੱਚੇ ਦਾ

**ਚੱਲਦਾ ਪੰਨਾ ਨੰ. 02**

ਦਾਖਲਾ ਸਕੂਲ ਵਿੱਚ ਕਰ ਲਿਆ ਗਿਆ ਹੈ ਤੇ ਕੱਲ੍ਹ ਤੋਂ ਤੁਹਾਡਾ ਬੱਚਾ ਸਕੂਲ ਵਿੱਚ ਆਉਣਾ ਸ਼ੁਰੂ ਕਰ ਦੇਵੇ।

5.0 ਇਸ ਸਬੰਧੀ ਅਧਿਆਪਕ ਇਕ ਹਫ਼ਤੇ ਲਈ ਵਾਰੋ-ਵਾਰੀ ਪਿੰਡ/ਸ਼ਹਿਰ ਵਿੱਚ ਆਂਗਨਵਾੜੀ ਵਰਕਰ ਦੀ ਮਦਦ ਨਾਲ ਅੱਧੀ ਛੁੱਟੀ ਤੋਂ ਬਾਅਦ ਦੋ ਘੰਟੇ ਲਈ ਜਾਣਗੇ।

6.0 ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਸਕੂਲ ਬਿਲਕੁਲ ਖਾਲੀ ਨਾ ਛੱਡੇ ਜਾਣ ਭਾਵ ਜੇ ਦੋ ਅਧਿਆਪਕ ਹਨ ਤਾਂ ਇਕ ਅਧਿਆਪਕ ਪਿੰਡ ਵਿੱਚ ਜਾਵੇਗਾ ਜੇ ਪੰਜ ਅਧਿਆਪਕ ਹਨ ਤਾਂ ਦੋ ਅਧਿਆਪਕ ਜਾ ਸਕਦੇ ਹਨ। ਅਗਲੇ ਅਧਿਆਪਕ ਅਗਲੇ ਦਿਨ ਵਾਰੀ ਅਨੁਸਾਰ ਜਾਣਗੇ। ਇਹ ਵੀ ਹੋ ਸਕਦਾ ਹੈ ਕਿ ਅਧਿਆਪਕ ਆਪਣੇ ਆਪਣੇ ਖੇਤਰ ਵੰਡ ਕੇ ਘਰੋਂ- ਘਰੀਂ ਜਾਣ ਦੀ ਮੁਹਿੰਮ ਸ਼ੁਰੂ ਕਰਨਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠਅੰਕਣ ਨੰ. ਉਕਤ /27915 ਮਿਤੀ 03.03.10

ਉਤਾਰਾ: (1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(3) ਡੀ.ਐਮ. (ਐਮ.ਆਈ.ਐਸ) ਵੈੱਬਸਾਇਟ ਰਾਹੀਂ

ਡਾਇਰੈਕਟਰ ਜਨਰਲ ਸਕੂਲ ਸਿੱਖਿਆ